# ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ

ਹਰਿ ਇਕ ਮਾਈ ਭਾਈ ਨੂੰ ਨਾਮ ਜਪਣ ਦੀ ਹਦਾਇਤ ਕੀਤੀ ਗਈ ਹੈ, ਪਰ ਨਾਮ ਕੀ ਹੈ, ਇਹ ਬੜਾ ਵੱਡਾ ਸਵਾਲ ਹੈ? ਇਸ ਬਾਰੇ ਆਮ ਰਾਇ ਇਹੋ ਹੈ, ਕਿ 'ਵਾਹਿਗੁਰੂ' ਸਬਦ ਹੀ ਨਾਮ ਹੈ। ਪਰ ਗੁਰਬਾਣੀ ਵਿਚ ਇਹ ਭੀ ਲਿਖਿਆ ਹੈ,ਕਿ ਨਾਮ ਪਰਮੇਸਰ ਨੇ ਗੁਪਤ ਰੱਖਿਆ ਹੈ ਅਤੇ ਵਿਰਲੇ ਨੂੰ ਹੀ ਸੋਝੀ ਗੁਰੂ ਕੋਲੋ ਮਿਲਦੀ ਹੈ। ਭਾਈ ਗੁਰਦਾਸ ਜੀ ਨੇ ਕੋਈ ਭੇਦ ਨਹੀਂ ਰੱਖਿਆ ਸਗੋਂ ਸਪਸ਼ਟ ਹੀ ਲਿਖ ਦਿਤਾ ਹੈ , ਕਿ 'ਵਾਹਿਗੁਰੂ' ਸਬਦ ਹੀ ਗੁਰ ਮੰਤ੍ਰ ਹੈ। ਇਹ ਦੇਖਣ ਨੂੰ ਸਵੈ ਵਿਰੋਧੀ ਗੱਲਾਂ ਹਨ, ਇਸ ਲਈ, ਇਹ ਵਿਸ਼ਾ ਖੋਜ ਦੀ ਮੰਗ ਕਰਦਾ ਹੈ, ਇਸੇ ਲੋੜ ਦੀ ਪੂਰਤੀ ਲਈ ਇਹ ਲੇਖ ਲਿਖ ਰਹੇ ਹਾਂ।

**'ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥2॥' ਪੰਨਾ, ੬੯੭**

ਉਪਰ ਲਿਖਿਆ ਹੁਕਮ ਅਟੱਲ ਸਚਾਈ ਹੈ।ਪਰ ਇਥੇ ਨਾਮ ਨੂੰ ਗੁਪਤ ਲਿਖਿਆ ਹੈ, ਪਰ ਹਰ ਕੋਈ ਇਸ ਨੂੰ ਜਾਣਦਾ ਹੈ, ਤਾਂ ਫਿਰ ਗੁਪਤ ਕਿਵੇਂ ਹੋਇਆ। ਇਸ ਵਿਚ ਭੇਦ ਕੋਈ ਤਾਂ ਕੋਈ ਜਰੂਰ ਹੈ।

ਇਹ ਮੰਨਣ ਵਾਲੇ, ਸਹੀ ਕਹਿ ਰਹੇ ਹਨ, ਕਿ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਜਪੰਣ ਲਈ ਹੀ ਕਿਹਾ ਗਿਆ ਹੇ।। ਜੋ ਗੁਰੂ ਜੀ ਕਹਿ ਰਹੇ ਹਨ, ਉਹੋ ਹੀ ਕਮਾਣਾ ਸਾਡਾ ਸਭਨਾ ਦਾ ਫਰਜ ਬਣਦਾ ਹੈ। ਇਸ ਨਾਲ, ਅਗੇ ਜੋ ਕਹਿੰਦੇ ਹਨ ਕਿ ਬਾਰ ਬਾਰ ਪਾਠ ਕਰਨ ਦਾ ਕੋਈ ਲਾਹਾ ਨਹੀ ਹੈ। ਆਖਰੀ ਵਿਚਾਰ ਸਹੀ ਨਹੀਂ ਹੈ। ਉਹਨਾਂ ਅਨੁਸਾਰ, ਤਾਂ ਫਿਰ ਨਿਤ ਨੇਮ ਆਦਿ ਬਾਣੀਆਂ ਦਾ ਪਾਠ ਕਰਨ ਦਾ ਭੀ ਲਾਹਾ ਨਹੀ ਹੈ। ਸਿੱਖ ਨੂੰ ਅੱਠੇ ਪਹਿਰ ਵਾਹਿਗੁਰੂ ਸਬਦ ਦਾ ਜਾਪ ਹੀ ਕਰਨਾ ਬਣਦਾ ਹੈ, ਸਧਾਰਨ ਪਾਠ ਜਾਂ ਸਹਿਜ ਪਾਠ ਕਰਨ ਦੀ ਜਰੂਰਤ ਨਹੀਂ। ਅਜਿਹਾ ਪਰਚਾਰ ਕਰਨ ਵਾਲੇ ਕਈ ਵਿਅਕਤੀ ਅਤੇ ਸੰਸਥਾਨ ਭੀ ਹਨ ਜੋ ਇਹ ਕੇਵਲ ਕਹਿੰਦੇ ਨਹੀਂ ਬਲਕਿ ਡਟਕੇ ਪਰਚਾਰ ਭੀ ਕਰਦੇ ਹਨ, ਆਮ ਸ਼ਰਧਾਲੂ ਤਾਂ ਬੇਬਸ , ਦੁਬਧਾ ਦਾ ਸ਼ਿਕਾਰ ਅਤੇ ਗੁਮਰਾਹ ਹੋ ਰਿਹਾ ਹੈ। ਬਾਹਰੀ ਤੌਰ ਤੇ ਸ਼ਾਇਦ ਇਹ ਸਹੀ ਲਗਦਾ ਹੈ, ਪਰ ਅਸਲੀਅਤ ਇਹ ਨਹੀ।

ਗੁਰਬਾਣੀ ਗੁਰੂ ਹੈ, ਪਾਰਬ੍ਰਹਮ ਪਰਮੇਸਰ ਹੈ, ਆਪ ਨਿਰੰਕਾਰ ਹੈ ਅਤੇ ਦਸ ਗੁਰੂ ਸਾਹਿਬਾਨਾਂ ਦੀ ਆਤਮਿਕ ਜਗਦੀ ਜੋਤਿ ਅਤੇ ਪਰਗਟ ਗੁਰਾਂ ਦੀ ਦੇਹ ਹੈ। ਕੀ ਗੁਰਬਾਣੀ ਨਾਮ ਨਹੀਂ? ਸਾਰੀ ਗੁਰਬਾਣੀ ਨਾਮ ਹੈ ਅਤੇ ਸਰਬ ਕਲਾ ਸੰਪੂਰਨ ਹੈ। ਅਸਲ ਨਾਮ ਗੁਰਬਾਣੀ ਵਿਚ ਹੀ ਹੈ, ਜਿਸਦੀ ਸੋਝੀ ਗੁਰੂ ਜੀ ਹੀ ਬਖਸ਼ਿਸ਼ ਕਰਦੇ ਹਨ। ਗੁਰਬਾਣੀ ਦਾ ਪਾਠ, ਵਿਚਾਰ ਅਤੇ ਮੰਨਣ ਕਰਨਾ ਹੀ ਸਭ ਤੋਂ ਉੱਤਮ ਹੈ ਅਤੇ ਸਰਬ ਸੁਖ ਦਾਇਕ ਹੈ। ਵਾਹਿਗੁਰੂ ਸਬਦ ਗੁਰਬਾਣੀ ਦੀ ਮਹਿਮਾ ਵਰਨਣ

ਕਰਦਾ ਹੈ। ਜਦ ਗੁਰਬਾਣੀ ਹਿਰਦੇ ਵਿਚ ਵਸਦੀ ਹੈ ਤਾਂ ਜਿਹੜਾ ਅਨੰਦ ਅਤੇ ਵਿਸਮਾਦ ਜਨਕ ਹਾਲਾਤ ਪੈਦਾ ਹੁੰਦੇ ਹਨ, ਉਹ ਅਵਸਥਾ ਬਿਆਨ ਕਰਨ ਤੋਂ ਬਾਹਰ ਹੈ, ਉਹੋ ਹੀ ਨਾਮ ਹੈ ਅਤੇ ਇਹੋ ਹੀ ਅਠਾਹਠ ਤੀਰਥਾਂ ਦਾ ਇਸਨਾਨ ਹੈ। ਅਤੇ ਇਸੇ ਵਕਤ ਨਾਮ ਅੰਦਰ ਪਰਗਟ ਹੁੰਦਾ ਹੈ ਅਤੇ ਮਨ ਆਪਣੇ ਆਪ 'ਵਾਹਿਗੁਰੂ' ਕਹਿੰਦਾ ਹੈ, ਅਤੇ ਦਿਨ ਰਾਤ ਆਤਮਿਕ ਅਨੰਦ ਬਣਿਆ ਰਹਿੰਦਾ ਹੈ, ਇਹ ਅਵਸਥਾ ਜਦ ਬਣਦੀ ਹੈ ਤਾਂ ਸਹਜਿ ਸੁਭਾਅ ਹੀ ਬਣੀ ਰਹਿੰਦੀ ਅਤੇ ਜੋਰ ਲਾਉਣ ਦੀ ਲੋੜ ਹੀ ਨਹੀਂ ਰਹਿੰਦੀ ਅਤੇ ਜੇ ਜੋਰ ਲਾਕੇ ਇਸ ਅਵਸਥਾ ਵਿਚ ਪਹੁੰਚਣਾ ਪੈਂਦਾ ਹੋਵੇ, ਤਾਂ ਸਮਝ ਲਿਆ ਜਾਵੇ ਕਿ ਇਸ ਅਵਸਥਾ ਦੀ ਸਤਿਗੁਰੂ ਨੇ ਅਜੇ ਬਖਸ਼ਿਸ਼ ਹੀ ਨਹੀ ਕੀਤੀ। ਦਾਸ ਨੇ, ਤੁਸ਼ ਬੁਧੀ ਅਨੁਸਾਰ ਨਾਮ ਬਾਰੇ ਵਿਚਾਰ ਆਪ ਜੀ ਦੇ ਸਨਮੁਖ ਗੁਰੂ ਜੀ ਦੇ ਪਵਿੱਤਰ ਪਾਵਨ ਹੁਕਮਾਂ ਅਨੁਸਾਰ ਹੀ ਰੱਖੇ ਹਨ। ਦਾਸ ਨੂੰ ਇਸ ਦੇ ਸਹੀ ਜਾਂ ਗਲਤ ਹੋਣ ਦੀ ਕੋਈ ਪਹਿਚਾਣ ਨਹੀਂ, ਇਸਦਾ ਫੈਸਲਾ ਸੰਗਤਾਂ ਹੀ ਕਰਨਗੀਆਂ। ਪਰ ਦਾਸ ਇਹ ਗੱਲ, ਕਿਸੇ ਭੀ ਹਾਲਤ ਵਿਚ ਮੰਨਣ ਨੂੰ ਤਿਆਰ ਨਹੀਂ, ਕਿ ਗੁਰਬਾਣੀ ਨਾਮ ਨਹੀਂ।

**ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥ ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥ ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥ ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥3॥ ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥ ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥ ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥ ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ ॥**

**ਪੰਨਾ; ੫੨**

ਉਪਰ ਦਿਤੇ ਸਬਦ ਵਿਚ ਇਹ ਸਾਫ ਸਾਫ ਲਿਖਿਆ ਗਿਆ ਹੈ, ਕਿ ਜੋ ਭੀ ਫਲ ਇਨਸਾਨ ਨੂੰ ਚਾਹੀਦੇ ਹਨ, ਉਹ ਸਾਰੇ ਫਲ ਸਤਿਗੁਰ ਜੀ ਪਾਸ ਹਨ। ਇਹ ਕਿਸੇ ਇਨਸਾਨ ਦੇ ਵਸ ਵਿਚ ਨਹੀ ਕਿ ਨਾਮ ਦਾ ਫਲ ਪਾ ਲਵੇ, ਪੂਰਬਲੇ ਕਰਮਾ ਦੇ ਲਿਖੇ ਲ਼ੇਖ ਅਨੁਸਾਰ ਹੀ ਪਾ ਸਕੀਦਾ ਹੈ। ਜਿਸਤੇ ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਉਸਨੂੰ ਹੀ ਨਾਮ ਰੂਪੀ ਫਲ ਮਿਲਦਾ ਹੈ। ਮਤਲਬ ਸਪਸ਼ਟ ਨਜਰ ਅਉਂਦਾ ਹੈ ਕਿ ਭਾਵੇਂ ਵਾਹਿਗੁਰੂ ਸਬਦ ਦਾ ਸਭ ਨੂੰ ਪਤਾ ਹੈ ਅਤੇ ਹਰ ਕੋਈ ਜਾਪ ਕਰ ਸਕਦਾ ਹੈ, ਪਰ ਫਲ ਸਤਿਗੁਰੂ ਜੀ ਹੀ ਦਿੰਦੇ ਹਨ, ਅਤੇ ਫਲ ਗੁਰਬਾਣੀ ਦੀ ਸੇਵਾ ਵਿਚ ਹੈ, ਜਾਣੀ ਕਿ ਨਾਮ ਦੀ ਬਖਸ਼ਿਸ਼ ਹੀ ਗੁਰਬਾਣੀ ਅੰਦਰ ਹੈ। ਕਿਉਂਕਿ ਗੁਰੂ ਹੀ ਦਾਤਾ ਹੈ, ਸਮਰਥ ਹੈ, ਸਾਡੀ ਸੋਚ ਸ਼ਕਤੀ ਤੋਂ ਬਾਹਰ ਹੈ ਅਤੇ ਗੁਰੂ ਦੀ ਮਹਿਮਾ ਕਥੀ ਨਹੀ ਜਾ ਸਕਦੀ ਹੈ, ਅਤੇ ਕਿਹੜਾ ਵਿਆਖਿਆਕਾਰ ਮਹਿਮਾ ਕਹਿ ਸਕਦਾ ਹੈ? ਜਿਹੜਾ ਭੀ ਸਤਿਗੁਰੂ ਦੀ ਸ਼ਰਣੀ ਆਇਆ ਹੈ ਬਖਿਸ਼ਆ ਹੀ ਗਇਆ ਹੈ ਅਤੇ ਜਨਮ ਮਰਨ ਤੋਂ ਰਹਿਤ ਹੋ ਗਿਆ ਹੈ।

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।।**

**ਪੰਨਾ; ੬੮੭**

ਉਪਰ ਦਿਤੇ ਹੁਕਮ ਵਿਚ ਇਹ ਸਪਸਟ ਹੈ, ਕਿ ਤੀਰਥ ਇਸ਼ਨਾਨ, ਨਾਮ ਹੈ, ਇਸ ਨਾਲ ਹੀ ਮਨ ਦੀ ਮੈਲ ਉਤਰਦੀ ਹੈ ਅਤੇ ਨਾਮ ਜਪਣਾ ਜਰੂਰੀ ਹੈ। ਨਾਮ ਬਾਰੇ ਸਪਸ਼ਟ ਲਿਖ ਦਿਤਾ ਹੈ ਕਿ ਇਹ ਸਬਦ ਬੀਚਾਰ ਹੈ, ਬਿਨਾ ਸਬਦ ਬੀਚਾਰ ਦੇ ਨਾਮ ਦੀ ਬਖਸ਼ਿਸ਼ ਨਹੀਂ ਹੋ ਸਕਦੀ। ਸਬਦ ਬੀਚਾਰ ਕਰਨ ਨਾਲ ਹੀ ਅੰਦਰ ਗਿਆਨ ਦਾ ਪਰਕਾਸ਼ ਹੁੰਦਾ ਹੈ ਅਤੇ ਇਸਤਰਾਂ ਮਨ ਦੀ ਮੈਲ ਉਤਰਦੀ ਹੈ।

**ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨੁ ॥1॥ ਰਹਾਉ ॥ ਨਾਮੁ ਲੈਤ ਦੁਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥ ਨਾਮੁ ਲੈਤ ਪਰਗਟਿ ਉਜੀਆਰਾ ॥ ਨਾਮੁ ਲੈਤ ਛੁਟੇ ਜੰਜਾਰਾ ॥2॥ ਨਾਮੁ ਲੈਤ ਜਮੁ ਨੇੜਿ ਨ ਆਵੈ ॥ ਨਾਮੁ ਲੈਤ ਦਰਗਹ ਸੁਖੁ ਪਾਵੈ ॥ ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ॥ ਨਾਮੁ ਹਮਾਰੀ ਸਾਚੀ ਰਾਸਿ ॥3॥ ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਅਧਾਰੁ ॥**

**ਪੰਨਾ; ੧੧੪੨**

ਉਪਰ ਲਿਖੇ ਸਬਦ ਵਿਚ ਭੀ ਇਹੋ ਭਾਵ ਸਪਸ਼ਟ ਨਜਰ ਅਉਂਦਾ ਹੈ, ਕਿ ਤੀਰਥ ਸਾਡੇ ਵਾਸਤੇ ਹਰਿ ਕਾ ਨਾਮ ਹੈ, ਸਾਨੂੰ ਥਾਂ ਥਾਂ, ਬਾਰ ਬਾਰ ਭਟਕਣ ਦੀ ਲੋੜ ਨਹੀਂ ਪੈਂਦੀ। ਇਸ ਅਸਲੀਅਤ ਦਾ ਮੂਲ ਗੁਰੂ ਜੀ ਨੇ ਆਪਣੀ ਕਿਰਪਾ ਦੁਆਰਾ ਬਖਸਿਆ ਹੈ। ਸਾਨੂੰ ਸਭਨਾਂ ਨੂੰ ਇਸ ਸਚਾਈ ਨੂੰ ਮੰਨਣ ਦਾ ਹੁਕਮ ਕੀਤਾ ਹੈ। ਇਸ ਤੋਂ ਅਗੇ ਸਾਰੇ ਫਲ ਨਾਮ ਜਪਣ ਦੇ ਲਿਖੇ ਹਨ। ਸਬਦ ਵੀਚਾਰ ਨਾਲ ਦੁਖ ਦੂਰ ਹੋ ਜਾਂਦੇ ਹਨ। ਮੂਰਖ ਸਿਆਣੇ ਬਣ ਜਾਂਦੇ ਹਨ। ਸਾਰੀ ਦੁਨੀਆ ਵਿਚ ਉਸਦਾ ਨਾਮ ਰੋਸ਼ਨ ਹੋ ਜਾਂਦਾ ਹੈ। ਦੁਨੀਆਂ ਦੇ ਬੰਧਨ ਟੁਟ ਜਾਂਦੇ ਹਨ। ਸੱਚੀ ਦਰਗਹ ਵਿਚ ਸੁਖ ਮਿਲਦਾ ਹੈ ਅਤੇ ਪਰਮੇਸਰ ਵਲੋਂ ਸ਼ਾਬਾਸ਼ ਮਿਲਦੀ ਹੈ। ਜਮਾਂ ਦਾ ਵਸ ਨਹੀਂ ਚੱਲਦਾ ਅਤੇ ਨੇੜੇ ਨਹੀਂ ਆ ਸ਼ਕਦੇ। ਆਖਿਰ ਵਿਚ ਫਿਰ ਸਪਸਟ ਕਰ ਦਿਤਾ ਹੈ, ਕਿ ਹਰਿ ਕੀਰਤ ਹੀ ਨਾਮ ਦਾ ਆਧਾਰ ਹੈ, ਭਾਵ ਸਪਸ਼ਟ ਕਿ ਹਰਿ ਕੀਰਤ ਹੀ ਨਾਮ ਹੈ। ਹਰਿ ਕੀਰਤ ਸਬਦ ਵੀਚਾਰ ਤੋਂ ਬਿਨਾ ਨਹੀਂ ਹੋ ਸਕਦੀ।

**॥ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥4॥**

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥38॥**

**ਜਪੁ ਜੀ ਸਾਹਿਬ**

ਉਪਰ ਲਿਖੀਆਂ ਦੋਵੇਂ ਤੁਕਾਂ ਜਪੁ ਜੀ ਸਾਹਿਬ ਵਿਚੋਂ ਲਈਆਂ ਗਈਆਂ ਹਨ ਅਤੇ ਜਪੁ ਜੀ ਸਾਹਿਬ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਨਿਚੋੜ ਗਿਣਿਆਂ ਜਾਂਦਾ ਹੈ। ਮਹਾਰਾਜ ਨੇ ਕਿਰਪਾ ਕਰਕੇ ਬੜਾ ਹੀ ਸਪਸ਼ਟ ਲਿਖ ਦਿਤਾ ਹੈ ਜਿਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ। ਪਹਿਲਾਂ ਤਾਂ ਸਾਡੇ ਭਲੇ ਲਈ ਸਵਾਲ ਕੀਤਾ ਹੈ, ਫਿਰ ਅਗਲੀਆ ਲਾਈਨਾਂ ਵਿਚ ਜਵਾਬ ਵੀ ਦੇ ਦਿਤਾ ਹੈ।

ਮੂੰਹ ਰਾਹੀਂ ਕੀ ਬੋਲਿਆ ਜਾਵੇ ਜਿਸ ਨੂੰ ਸੁਣਕੇ ਸਾਹਿਬ ਖੁਸ਼ ਹੋਵੇ ਅਤੇ ਸਾਨੂੰ ਆਪਣੇ ਪਿਆਰ ਦਾ ਭਾਗੀ ਜਾਂ ਹੱਕਦਾਰ ਬਣਾ ਲਵੇ। ਅੰਿਮ੍ਰਤ ਵੇਲੇ ਉਠ ਕੇ ਉਸਦੀ ਵਡਿਆਈ ਦਾ ਵਿਚਾਰ ਕਰੇ, ਕਿਉਂਕਿ ਵਡਿਆਈ ਦਾ ਵਿਚਾਰ ਹੀ ਸੱਚਾ ਨਾਉਂ ਹੈ। ਵਡਿਆਈ ਤਾਂ ਬੰਦਾ ਜਾਣਦਾ ਹੀ ਨਹੀ,ਂ ਵੀਚਾਰ ਕਿਵੇਂ ਕਰ ਸਕਦਾ ਹੈ? ਗੁਰਬਾਣੀ ਹੀ ਪਰਮੇਸਰ ਹੈ ਅਤੇ ਆਪਣੀ ਵਡਿਆਈ ਜਾਣਦੀ ਹੈ, ਸੋ ਸਿੱਖ ਗੁਰਬਾਣੀ ਦਾ ਹੀ ਵਿਚਾਰ ਕਰੇ ਅਥਵਾ ਪਾਠ ਅਤੇ ਗਾਇਨ ਕਰੇ, ਇਸਤਰਾਂ ਕਰਨ ਨਾਲ ਉਸਦੀ ਬਖਸ਼ਿਸ਼ ਦਾ ਹੱਕਦਾਰ ਬਣੇਗਾ, ਪਰ ਇਹ ਉਹ ਆਪ ਹੀ ਮਿਹਰਾਂ ਕਰਕੇ ਦਿੰਦਾ ਹੈ, ਅਤੇ ਅਜਿਹੇ ਗੁਰੂ ਪਿਆਰਿਆਂ ਨੂੰ ਮਾਨ ਸਨਮਾਨ ਜਾਂ ਸਿਰਪਾਉ ਦਿਵਾਉਂਦਾ ਹੈ। ਉਹ ਆਪ ਸਚਿਆਰ ਹੈ, ਸਭ ਕੁਝ ਕਰਦਾ ਕਰਵਾਂਉਂਦਾ ਆਪ ਹੀ ਹੈ।

ਸਬਦ ਗੁਰੂ ਹੈ ਅਤੇ ਸਬਦ ਵਿਚੋਂ ਨਾਮ ਦੀ ਪਰਾਪਤੀ ਹੁੰਦੀ ਹੈ। ਸਬਦ ਗੁਰੂ ਦੀ ਬਖਸ਼ਿਸ਼ ਪਾਉਣ ਲਈ, ਜੇ ਉਹ ਕਿਰਪਾ ਕਰੇ ਤਾਂ ਮਨੁਖ ਆਪਣੇ ਸਰੀਰ ਨੂੰ ਸੱਚੀ ਟਕਸਾਲ ਬਣਾ ਲਵੇ, ਧੀਰਜ ਧਾਰਨ ਕਰਕੇ, ਜਤ ਧਾਰੇ, ਦੁਖ ਸੁਖ ਨੂੰ ਸਹਾਰੇ ਜਿਵੇਂ ਅਹਿਰਣ ਸਹਾਰਦੀ ਹੈ, ਗੁਰਬਾਣੀ ਦਾ ਗਿਆਨ ਹਾਸਿਲ ਕਰੇ, ਮਨ ਵਿਚ ਪਰਮੇਸਰ ਲਈ ਪਿਆਰ ਅਤੇ ਡਰ ਲਿਆਵੇ, ਇਹ ਟਕਸਾਲ ਉਸਦੀ ਕਿਰਪਾ ਨਾਲ ਹੀ ਬਣਦੀ ਹੈ, ਜਿਸ ਵਿਚ ਗੁਰੂ ਕੇ ਸਬਦ {ਗੁਰਬਾਣੀ} ਰਾਹੀਂ ਅੰਮ੍ਰਿਤ ਪਰਗਟ ਹੁੰਦਾ ਹੈ। ਇਹ ਉਸਦੀ ਕਿਰਪਾ ਦ੍ਰਿਸ਼ਟੀ ਦੀ ਹੀ ਬਖਸ਼ਿਸ਼ ਹੈ ਜਿਸ ਦੁਆਰਾ ਅਕਥ ਖੁਸ਼ੀਆਂ ਜਾਂ ਇਨਸਾਨ ਨਿਹਾਲ, ਨਿਹਾਲ ਹੋ ਜਾਂਦਾ ਹੈ।

**ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥1॥**

**ਪੰਨਾ; ੨੩੯**

**॥ ਹਰਿ ਕਾ ਨਾਮੁ ਸੋਈ ਜਨੁ ਲੇਇ ॥ ਕਰਿ ਕਿਰਪਾ ਨਾਨਕ ਜਿਸੁ ਦੇਇ**

**ਪੰਨਾ; ੨੪੦**

ਉਪਰੋਕਤ ਸਬਦ, ਫਿਰ ਉਹੋ ਸਚਾਈ ਦੀ ਹਾਮੀ ਭਰਦੇ ਹਨ, ਕਿ ਗੁਰ ਕੇ ਬਚਨਾਂ ਨਾਲ ਹੀ ਨਾਮ ਧਿਆਇਆ ਜਾ ਸਕਦਾ ਹੈ ਅਤੇ ਗੁਰੂ ਦੀ ਕਿਰਪਾ ਰਾਹੀਂ ਹੀ ਦਰਗਹ ਵਿਚ ਸਤਿਕਾਰ ਮਿਲਦਾ ਹੈ।
ਹਰਿ ਕਾ ਨਾਮ ਹਰ ਕੋਈ ਨਹੀਂ ਲੈ ਸਕਦਾ, ਇਹ ਅਮੋਲਕ ਵਸਤ ਉਸਦੇ ਹੱਥ ਵਿਚ ਹੈ, ਇਸਦਾ ਸੰਚਾਰ ਆਪ ਹੀ ਕਰਦਾ ਅਤੇ ਉਸਨੂੰ ਹੀ ਮਿਲਦੀ ਹੈ ਜਿਸਤੇ ਉਸਦੀ ਕਿਰਪਾ ਹੁੰਦੀ ਹੈ। ਤਾਂ ਫਿਰ ਭਾਈ ਕੌਣ ਦਾਵਾ ਕਰ ਸਕਦਾ ਹੈ, ਕਿ ਮੈਂ ਇਤਨੇ ਘੰਟੇ ਸਵੇਰੇ ਬੈਠ ਕੇ ਸਿਮਰਨ ਵਿਚ ਜੁੜਦਾਂ ਹਾਂ, ਅਤੇ ਇਹ ਕਹਿਣਾ ਬੜਾ ਅਨੰਦ ਆਉਂਦਾ ਹੈ, ਮਨ ਉਠਣ ਨੂੰ ਨਹੀਂ ਕਰਦਾ, ਅਤੇ ਟਾਈਮ ਦਾ ਪਤਾ ਤੱਕ ਨਹੀਂ ਲਗਦਾ? ਦਾਸ ਤੇ ਅਜਿਹੀ ਅਵਸਥਾ ਕਦੇ ਆਈ ਨਹੀਂ, ਸੋ ਕੁਝ ਭੀ ਕਹਿਣ ਤੋਂ ਅਸਮਰਥ ਹੈ।

ਦੂਸਰੇ ਪਾਸੇ, ਇਹ ਭੀ ਲਗਦਾ ਹੈ ਕਿ ਵਾਹਿਗੁਰੂ ਸਬਦ ਦਾ ਤਾਂ ਸਾਰਿਆਂ ਨੂੰ ਪਤਾ ਹੈ, ਤਾਂ ਫਿਰ ਗੁਰੂ ਕੋਲੋਂ ਕੀ ਮਿਲਦਾ ਹੈ? ਅਸਲੀ ਨਾਮ ਦਾ ਮਾਲਕ ਤਾਂ ਆਪ ਗੁਰੂ ਹੈ। ਤਾਂ ਫਿਰ ਦੁਨੀਆਂ ਭੁਲੇਖੇ ਵਿਚ ਤਾਂ ਨਹੀਂ, ਜਾਂ ਸਭਨਾਂ ਉਪਰ ਉਸਦੀ ਬਖਸ਼ਿਸ਼ ਹੋ ਗਈ ਹੈ। ਇਸ ਬਾਰੇ ਦਾਸ ਕੁਝ ਨਹੀਂ ਕਹਿ ਸਕਦਾ।

**॥ ਇਸੁ ਜੁਗ ਮਹਿ ਨਿਰਭਉ ਹਰਿ ਨਾਮੁ ਹੈ ਪਾਈਐ ਗੁਰ ਵੀਚਾਰਿ ॥ ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ॥ ਪੰਨਾ; ੩੬੫**

ਇਸ ਜਗ ਵਿਚ ਹਰਿ ਨਾਮ ਦੀ ਬਖਸ਼ਿਸ਼ ਹੀ ਲਾਹਾ ਹੈ ਅਤੇ ਜਰੂਰੀ ਹੈ, ਕਿਉਂਕਿ ਇਸ ਤੋਂ ਬਿਨਾਂ ਇਨਸਾਨ ਦੁਖੀ, ਹਰ ਕਿਸਮ ਦੇ ਡਰਾਂ ਵਿਚ ਘਿਰਿਆ ਹੋਇਆ, ਅਤੇ ਅੰਨ੍ਹਿਆਂ ਵਾਂਗਰ ਭਟਕਦਾ ਖਵਾਰ ਹੁੰਦਾ ਫਿਰਦਾ ਹੈ, ਇਸ ਮੂਰਖ ਨੂੰ ਜਮ ਹੀ ਘੇਰੀ ਰਖਦੇ ਹਨ। ਇਸ ਸਾਰੇ ਮਹਾਂ ਸੰਕਟ ਤੋਂ ਛੁਟਕਾਰਾ ਪਾ ਸਕਦਾ ਹੈ ਅਤੇ ਨਿਰਭਉ ਦੀ ਪਰਮ ਪਦਵੀ ਪਾ ਸਕਦਾ ਹੈ. ਜੇ ਸਤਿਗੁਰੂ ਉਸਨੂੰ ਸਬਦ ਵੀਚਾਰ ਦੀ ਮਿਹਰ ਕਰਨ ਅਥਵਾ ਗੁਰ ਵੀਚਾਰ ਦੀ ਕਿਰਪਾ ਕਰਨ। ਹਰਿ ਨਾਮ, ਸਬਦ ਵੀਚਾਰ ਹੀ ਹੈ ਜਿਸਤੇ ਮਿਹਰ ਹੁੰਦੀ ਹੈ ਉਹੋ ਹੀ ਨਿਰਭਉ ਹੋ ਸਕਦਾ ਹੈ।

ਇਸ ਉਪਰ ਦਿਤੇ ਸਬਦ ਵਿਚ ਨਾਮ ਬਾਰੇ ਨਿਰਣਾ ਕਾਫੀ ਸਾਫ ਸਾਫ ਲਿਖਿਆ ਗਿਆ ਹੈ, ਸ਼ਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ।

ਉਪਰ ਦਿਤੇ ਪਰਮਾਣਾਂ ਤੋਂ ਕਾਫੀ ਸਪਸ਼ਟ ਹੈ, ਜੋ ਕੁਝ ਪਾਉਣਾ ਹੈ, ਸਭ ਕੁਝ ਗੁਰਬਾਣੀ ਵਿਚ ਮਿਲਦਾ ਹੈ। ਨਾਮ ਗੁਰਬਾਣੀ ਤੋਂ ਬਾਹਰ ਨਹੀਂ, ਅਤੇ ਇਸ ਦੁਆਰਾ ਹੀ ਨਾਮ ਪਰਾਪਤ ਕਰ ਸਕੀਦਾ ਹੈ। ਨਾਮ ਗੁਰਬਾਣੀ ਵਿਚ ਖੇਲਦਾ, ਪਲਦਾ ਹੈ, ਅਤੇ ਨਾਮ ਦੀ ਪਰਾਪਤੀ ਗੁਰਬਾਣੀ ਤੋਂ ਬਿਨਾ ਹੋ ਹੀ ਨਹੀ ਸਕਦੀ। ਗੁਰਬਾਣੀ ਸਭ ਕੁਝ ਹੈ, ਇਕੱਲਾ ਨਾਮ, ਗੁਰਬਾਣੀ ਤੋਂ ਸਖਣਾ ਕੁਝ ਭੀ ਨਹੀਂ। ਕਿਸੇ ਨੂੰ ਗੁਰਬਾਣੀ ਤੋਂ ਬਿਨਾ ਨਾਮ ਮਿਲ ਹੀ ਨਹੀਂ ਸਕਦਾ। ਜਿਥੇ ਗੁਰਬਾਣੀ ਨਹੀਂ, ਨਾਮ ਹੋ ਹੀ ਨਹੀ ਸਕਦਾ।

**ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ।**

**ਪੰਨਾ; ੩੫੧**

ਕੀ ਕਿਸੇ ਨੇ ਸਬਦ ਵੀਚਾਰ ਕਰਕੇ ਆਪਣੇ ਆਪ ਤੇ ਜਾਂ ਸੰਗਤਾਂ ਤੇ ਪਰਭਾਵ ਜਾਂ ਅਸਰ ਦੇਖਿਆ ਹੈ? ਕੁਦਰਤੀ ਤੌਰ ਤੇ, ਸਾਨੂੰ, ਸਰਬ ਰੋਗ ਕਾ ਅਉਖਦੁ ਨਾਮੁ ਮਿਸ਼ਨ, ਦੁਆਰਾ ਲਗਾਏ ਜਾਂਦੇ ਰੋਗ ਨਿਵਾਰਣ ਕੈਂਪਾਂ ਵਿਚ, ਸੇਵਾ ਕਰਦਿਆਂ ਇਹ ਮੌਕਾ ਕਈ ਵੇਰ ਮਿਲਿਆ ਹੈ। ਅਸੀਂ ਬਹੁਤ ਹੈਰਾਨੀ ਜਨਕ ਨਤੀਜੇ ਦੇਖੇ ਹਨ, ਹਾਂ ਇਕ ਗੱਲ ਹੋਰ ਜਰੂਰ ਧਿਆਨ ਰੱਖਣ ਯੋਗ ਸੀ, ਕਿ ਅਸੀਂ ਸ਼ੁਧ ਉਚਾਰਣ ਤੇ ਜੋਰ ਦਿੰਦੇ ਰਹੇ ਹਾਂ। ਸ਼ੁਧ ਉਚਾਰਣ ਭੀ ਗੁਰੂ ਦੇ ਹੁਕਮ ਅਨੁਸਾਰ ਹੀ ਹੈ, ਅਤੇ ਗੁਰਬਾਣੀ ਵਿਚ ਸ਼ੁਧ ਉਚਾਰਣ ਦੀ ਹਿਦਾਇਤ ਦਿਤੀ ਹੋਈ ਹੈ। ਪਰ ਜੋ ਨਤੀਜੇ ਮਿਲੇ, ਉਹ ਹੈਰਾਨੀ ਜਨਕ ਸਨ, ਬੀਮਾਰਾਂ ਨੂੰ ਇਕ ਇਕ ਘੰਟੇ ਵਿਚ ਆਰਾਮ ਆ ਰਿਹਾ ਸੀ। ਅਤੇ ਇਹ ਸੁਖਦਾਇਕ ਘਟਨਾ ਕਈ ਵਾਰ ਵਾਪਰੀ ਹੈ। ਅਸੀਂ, ਆਪਣੀ ਬੁਧ ਅਨੁਸਾਰ, ਗੁਰ ਸਬਦ ਦੀ ਵਿਆਖਿਆ ਤੇ ਕਾਫੀ ਜੋਰ ਦਿੰਦੇ ਰਹੇ ਹਾਂ, ਜਿਵੇਂ ਇਕ ਘੰਟੇ ਵਿਚ ਇਕ ਅਸਟਪਦੀ, ਸੁਖਮਨੀ ਸਾਹਿਬ ਦੀ ਪੜ੍ਹਦੇ ਰਹੇ ਹਾਂ ਅਤੇ ਨਾਲ ਦੀ ਨਾਲ ਸ਼ੁਧ ਉਚਾਰਣ ਦੀ ਭੀ ਸੰਥਿਆ ਦਿੰਦੇ ਸਾਂ। ਅਤੇ ਸਮਾਂ ਭੀ ਬਹੁਤ ਹੀ ਘੱਟ, ਸਾਰੀ ਦਿਹਾੜੀ ਵਿਚ ਸਿਰਫ ਦੋ ਢਾਈ ਘੰਟਿਆਂ ਵਿਚ ਹੀ ਕਈ ਗੁਰੂ ਪਿਆਰੇ ਠੀਕ ਹੋ ਜਾਂਦੇ ਰਹੇ ਹਨ। ਇਸੇ ਸੇਵਾ ਦੁਹਰਾਨ, ਆਪਣੇ ਆਪ ਨੂੰ ਬੇਅੰਤ ਸੁਖ ਮਿਲਦਾ ਅਤੇ ਬਹੁਤ ਅੱਛਾ ਲਗਦਾ ਹੈ। ਪਰਤੱਖ ਤੋਰ ਤੇ, ਉਪਰ ਲਿਖਿਆ ਫੁਰਮਾਣ, ਹੂ ਬਹੂ ਸੱਚਾ ਲਗਦਾ ਨਜ਼ਰ ਅਉਂਦਾ ਹੈ। ਜੋ ਭੀ ਵਖਿਆਣ ਕਰਦੇ ਜਾਂ ਸੁਣਦੇ ਹੈਨ, ਉਹਨਾਂ ਨੂੰ ਅੰਮ੍ਰਿਤ ਛਕਣ ਨੂੰ ਮਿਲਦਾ ਹੈ। ਜੇ ਗੁਰਬਾਣੀ ਅੰਮ੍ਰਿਤ ਹੈ, ਤਾਂ ਨਾਮ ਕਿਊ ਨਹੀਂ?

ਸਾਨੂੰ ਚਾਹੀਦਾ ਹੈ, ਕਿ ਅਸੀਂ ਸਾਰੇ ਆਪ ਅਤੇ ਆਪਣੇ ਬੱਚਿਆਂ ਨੂੰ ਗੁਰਬਾਣੀ ਦੇ ਲੜ ਲਾਈਏ ਤਾਂ ਜੋ ਅਸੀਂ ਸਾਰੇ ਖੁਸ਼ੀਆਂ ਭਰਿਆ ਜੀਵਨ ਬਿਤੀਤ ਕਰ ਸਕੀਏ।